2013-14
2014-15

Subject

1. General Punjabi
2. Punjabi elective.

[redacted]

[redacted]

oll No. 201403691 8

**002/A**

otal No. of Questions : 7] [Total No. of Printed Pages : 4

**SS**

**2034**

**ਸਾਲਾਨਾ ਪ੍ਰੀਖਿਆ ਪ੍ਰਣਾਲੀ**

**GENERAL PANJABI**

**(Common for All Groups and Voc. Stream)**

**(Evening Session)**

ime allowed : Three hours Maximum r

ਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ ਕੋਡ/ਪੇਪਰ ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ ਕੋਡ/ਪੇਪਰ ਕੋਡ **002/A** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣਕੇ ਦੇਖ ਲਵੋ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) **ਸਾਰੇ ਪ੍ਰਸ਼ਨ ਜ਼ਰੂਰੀ ਹਨ ।**

(v) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਗਾ ਦਿਓ ।

1. **ਸਾਰੇ ਪ੍ਰਸ਼ਨ ਜ਼ਰੂਰੀ ਹਨ ।** ਹਰੇਕ ਪ੍ਰਸ਼ਨ ½ ਅੰਕ ਦਾ ਹੈ ।

(ੳ) ਡਾ. ਜੋਗਿੰਦਰ ਸਿੰਘ ਕੈਰੋਂ ਦੀ ਕਿਹੜੀ ਰਚਨਾ 'ਲਾਜ਼ਮੀ ਪੰਜਾਬੀ' ਪੁਸਤਕ ਵਿੱਚ ਦਰਜ ਹੈ ?

(ਅ) 'ਪੰਜਾਬ ਦੀਆਂ ਲੋਕ-ਖੇਡਾਂ' ਪਾਠ ਦਾ ਲੇਖਕ ਕੌਣ ਹੈ ?

(ੲ) ਦੱਸੋ ਇਹ ਕਥਨ ਠੀਕ ਹੈ ਕਿ ਗਲਤ :
'ਪੰਜਾਬ ਵਿੱਚ ਕੱਚੇ ਘਰਾਂ ਦੀਆਂ ਕੰਧਾਂ ਉੱਤੇ ਚਿੱਤਰਕਾਰੀ ਹੈ ਕੀਤੀ ਜਾਂਦੀ ।'

(ਸ) ਠੀਕ ਉੱਤਰ ਚੁਣ ਕੇ ਲਿਖੋ :
ਸਮਾਜ ਨੂੰ ਚਾਰ ਵਰਗਾਂ ਵਿੱਚ ਕਿਸ ਨੇ ਵੰਡਿਆ ?

(i) ਮਨੂ ਸਿਮ੍ਰਿਤੀ ਨੇ  (ii) ਉਪਨਿਸ਼ਦਾਂ ਨੇ
(iii) ਵੇਦਾਂ ਨੇ  (iv) ਵਿਸ਼ਵਾਮਿੱਤਰ ਨੇ

(ਹ) ਖ਼ਾਲੀ ਸਥਾਨ ਭਰੋ :
ਔਰਤਾਂ ਘਰਾਂ ਵਿੱਚ ਰੱਦੀ ਕਾਗਜ਼ਾਂ ਨੂੰ ਗਾਲ਼ ਕੇ ........ ਬਣਾਉਂਦੀਆਂ ਹਨ ।

(ਕ) ਗੁਰੂ ਗੋਬਿੰਦ ਸਿੰਘ ਜੀ ਨੇ ਖਿਦਰਾਣੇ ਵਿਖੇ ਸ਼ਹੀਦ ਸਿੰਘਾਂ ਕੀ ਕਹਿ ਕੇ ਸਨਮਾਨਿਆ ?

(ਖ) 'ਆਨੰਦ' ਕਵਿਤਾ ਕਿਸ ਕਵੀ ਦੀ ਲਿਖੀ ਹੋਈ ਹੈ ?

(ਗ) 'ਆਪਣਾ ਦੇਸ਼' ਕਹਾਣੀ ਵਿਚਲਾ ਪਾਤਰ 'ਨਿਰੰਜਣ ਸਿੰ ਨੌਕਰੀ ਛੱਡ ਕੇ ਕਿਹੜੇ ਦੇਸ਼ ਚਲਿਆ ਗਿਆ ਸੀ ।

(ਘ) ਅਖਾਉਤ ਪੂਰੀ ਕਰੋ :
ਹਿੰਗ ਲੱਗੇ ਨਾ ਫਟਕੜੀ .......... ।

(ਙ) ਅਖਾਉਤ ਪੂਰੀ ਕਰੋ :
.......... ਘਰੋ ਹੀ ਪੰਜਾਹ ਕੋਹ ਪੈਂਡਾ ।  10×½

2. ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਪੰਜਾਬੀ ਸੱਭਿਆਚਾਰ' ਪੰਜਾਬ ਦੇ ਭੂਗੋਲਿਕ ਖਿੱਤੇ ਦੀ ਪੈਦਾਵਾ ਹੈ ।' ਦੱਸੋ, ਪੰਜਾਬ ਦੀ ਭੂਗੋਲਿਕ ਸਥਿਤੀ ਨੇ ਪੰਜਾ ਸੱਭਿਆਚਾਰ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ ?

(ਅ) ਪੰਜਾਬੀਆਂ ਦੇ ਰਹਿਣ-ਸਹਿਣ ਤੋਂ ਤੁਸੀਂ ਕੀ ਸਮਝਦੇ ਹੋ

(ੲ) ਲੋਕ-ਕਿੱਤੇ ਕਿਸ ਪ੍ਰਕਾਰ ਦੇ ਪ੍ਰਬੰਧ ਵਿੱਚ ਸਿਖਰਾਂ ਉੱਤੇ ਸਨ

(ਸ) ਮਨੁੱਖੀ ਜੀਵਨ ਵਿੱਚ ਰਸਮ-ਰਿਵਾਜਾਂ ਦਾ ਕੀ ਮਹੱਤਵ ਹੈ

(ਹ) ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਸਰਪ ਪੂਜਾ ਨਾਲ ਸੰਬੰਧਿ ਕਿਹੜੇ ਮੇਲੇ ਹਨ ।





(ਕ) ਖੇਡਾਂ ਦਾ ਮਨੁੱਖੀ ਜੀਵਨ ਨਾਲ਼ ਕਿਵੇਂ ਡੂੰਘਾ ਸੰਬੰਧ ਹੈ ?

(ਖ) ਪੰਜਾਬੀ ਲੋਕ-ਗੀਤਾਂ ਵਿੱਚ ਸੂਰਮਗਤੀ ਦੇ ਭਾਵਾਂ ਨੂੰ ਕਿਵੇਂ ਪ੍ਰਗਟਾਵਾ ਮਿਲਿਆ ਹੈ ?

(ਗ) ਮੰਚ ਦੇ ਪੱਖ ਤੋਂ ਨਕਲਾਂ ਦੀਆਂ ਕੀ ਵਿਸ਼ੇਸ਼ਤਾਵਾਂ ਹਨ ?

5×3=15

3. ਮੈਸਰਜ਼ ਏਸ਼ੀਆਂ ਪ੍ਰਿੰਟਰਜ਼ ਚੰਡੀਗੜ੍ਹ ਨੇ ਮੈਸਰਜ਼ ਮਾਡਰਨ ਇੰਜੀਨੀਅਰਜ਼, ਕਪੂਰਥਲਾ ਨੂੰ ਇੱਕ ਕਾਗਜ਼ ਕੱਟਣ ਦੀ ਮਸ਼ੀਨ ਦਾ ਆਰਡਰ ਦਿੱਤਾ ਸੀ । ਮਸ਼ੀਨ ਮਿਲਣ 'ਤੇ ਪਤਾ ਲੱਗਾ ਹੈ ਕਿ ਉਹ ਸਹੀ ਨਹੀਂ ਹੈ ਅਤੇ ਕਾਗਜ਼ ਵਿੰਗਾ ਕੱਟਦੀ ਹੈ । ਇਸ ਮਸ਼ੀਨ ਨੂੰ ਠੀਕ ਕਰਾਉਣ ਸੰਬੰਧੀ ਇੱਕ ਪੱਤਰ ਲਿਖੋ ।

ਜਾਂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਸੂਚਨਾ ਅਧਿਕਾਰੀ ਨੂੰ ਇੱਕ ਪੱਤਰ ਲਿਖੋ ਜਿਸ ਵਿੱਚ ਹਾੜ੍ਹੀ ਦੀ ਫ਼ਸਲ ਦੇ ਬੀਜਾਂ, ਸੰਭਾਵਿਤ ਰੋਗਾਂ ਅਤੇ ਸਾਵਧਾਨੀਆਂ ਬਾਰੇ ਵੇਰਵਿਆਂ ਦੀ ਮੰਗ ਕਰੋ ।

1½+4+1½=7

4. ਹੇਠ ਲਿਖੇ ਪੈਰੇ ਦੀ **ਸੰਖੇਪ-ਰਚਨਾ** ਕਰੋ ਅਤੇ ਢੁਕਵਾਂ **ਸਿਰਲੇਖ** ਵੀ ਲਿਖੋ :

ਅੱਜ ਚੰਦ ਨਹੀਂ ਚੜ੍ਹਿਆ, ਪਰ ਚੰਦਾ ! ਸੁੰਦਰਤਾ ਨਿਰੀ ਤੇਰੀ ਹੀ ਤਾਂ ਮੁਥਾਜ ਨਹੀਂ । ਸੁੰਦਰਤਾ ਇੱਕ ਇਲਾਹੀ ਜਲਵਾ ਹੈ, ਕਦੇ ਤੇਰੇ ਵਿੱਚੋਂ ਝਾਤੀਆਂ ਮਾਰਦੀ ਹੈ, ਕਦੇ ਵਹਿੰਦੇ ਪਾਣੀਆਂ ਵਿੱਚੋਂ ਡਲ੍ਹਕਾਂ ਮਾਰਦੀ ਹੈ, ਕਦੇ ਪਹਾੜਾਂ ਵਿੱਚੋਂ ਉੱਮਲ-ਉੱਮਲ ਪੈਂਦੀ ਹੈ, ਕਦੇ ਬਨਸਪਤੀ ਵਿੱਚੋਂ ਮੌਲ ਉੱਠਦੀ ਹੈ, ਕਦੇ ਬਿਜਲੀ ਦੀ ਡਰਾਉਣੀ ਗੜਗੱਜ ਵਿੱਚੋਂ ਲਿਸ਼ਕਾਰਾਂ ਮਾਰ ਜਾਂਦੀ ਹੈ, ਕਦੇ ਸਮੁੰਦਰੀ ਲਹਿਰਾਂ ਵਿੱਚੋਂ ਤਰ ਆਉਂਦੀ ਹੈ, ਕਦੇ ਗਲ਼ੇ ਦੀਆਂ ਨਾੜੀਆਂ ਤੇ ਸਾਜ਼ਾਂ ਦੀਆਂ ਤਾਰਾਂ ਤੋਂ ਪ੍ਰਕਾਸ਼ ਪਾਂਦੀ ਹੈ, ਕਦੇ ਮੈਦਾਨੇ-ਜੰਗ ਦੇ ਗੋਲ਼ਿਆਂ ਵਿੱਚੋਂ ਕੂਕ ਕੇ ਜਾਂਦੀ, ਕਦੇ ਸੁੰਦਰੀਆਂ ਦੇ ਨੈਣਾਂ ਵਿੱਚੋਂ ਪਲਕਾਰੇ ਮਾਰਦੀ ਹੈ,



[Turn over

ਕਦੇ ਸੋਹਣਿਆਂ ਮੁਛੇਹਾਰਿਆਂ ਤੇ ਬਾਂਕੀਆਂ ਨੁਹਾਰਾਂ ਵਿੱਚੋਂ ਫੁਟ-ਫੁਟ ਨਿਕਲਦੀ ਹੈ । ਸੁੰਦਰਤਾ ਤੂੰ ਸਥੂਲ ਸ਼ੈ ਨਹੀਂ ਪਰ ਸਥੂਲ ਟਿਕਾਣਿਆਂ 'ਤੇ ਜਲਵੇ ਮਾਰਦੀ ਹੈਂ, ਤੂੰ ਦੈਵੀ ਹੈਂ ਕਿ ਦੈਵ ਹੈਂ, ਤੂੰ ਆਪ ਹੈਂ ਕਿ ਆਪੇ ਦਾ ਪ੍ਰਕਾਸ਼ ਹੈਂ ? ਦੇਖ, ਇੱਕ ਸਿਆਣਾ ਪਿਆ ਆਖਦਾ ਹੈ ਕਿ ਜੋ ਸ਼ੈ ਲਾਭਦਾਇਕ ਹੈ ਉਹੀ ਸੁੰਦਰ ਹੈ । ਪਰ ਤੇਰੇ ਰਸੀਏ ਜਾਣਦੇ ਹਨ ਕਿ ਨਹੀਂ ਤੂੰ ਕੋਈ ਅਰਸ਼ਾਂ ਦੀ ਵੱਖਰੀ ਹੀ ਮਹਾਰਾਣੀ ਹੈਂ । ਜਿਸ ਮਨ ਵਿੱਚ ਗਰਜ਼ ਹੈ, ਜਿਸ ਵਿੱਚ ਲੋੜ ਹੈ ਉਸ ਲਈ 'ਲਾਭਦਾਇਕ ਸੁੰਦਰ' ਹੋਊ, ਜਿਨ੍ਹਾਂ ਨੂੰ ਲੋੜ ਨਹੀਂ, ਚਾਹ ਨਹੀਂ, ਓਹ ਅਸਲ ਤੇਰੇ ਸਰੂਪ ਤੋਂ ਜਾਣੂ ਹਨ । ਤੂੰ ਤਾਂ ਆਪਣੇ ਆਪ ਵਿੱਚ ਮੁਕੰਮਲ ਦੇਵੀ ਹੈਂ । ਤੇਰੇ ਟਿਕਾਣੇ ਫ਼ਕੀਰਾਂ, ਕਵੀਸ਼ਰਾਂ, ਗਵੱਯਾਂ, ਚਿੱਤਰਕਾਰਾਂ ਤੇ ਸੰਗਤ੍ਰਾਸ਼ਾਂ ਦੇ ਅੰਦਰ ਹਨ । 4+1=5

5. ਹੇਠ ਲਿਖੀਆਂ ਅਖਾਉਤਾਂ ਵਿੱਚੋਂ **ਪੰਜ** ਨੂੰ ਵਾਕਾਂ ਵਿੱਚ ਵਰਤੋ ਜਾਂ ਉਨ੍ਹਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ :

(ੳ) ਉੱਠੇ ਤਾਂ ਉੱਠ ਨਹੀਂ ਤਾਂ ਰੇਤ ਦੀ ਮੁੱਠ ।

(ਅ) ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀਂ ।

(ੲ) ਸਾਰਾ ਜਾਂਦਾ ਵੇਖੀਏ ਅੱਧਾ ਦੇਈਏ ਵੰਡ ।

(ਸ) ਖਿੰਦੋ ਫੋਲਿਆਂ ਲੀਰਾਂ ਹੀ ਨਿਕਲਣੀਆਂ ਹਨ ।

(ਹ) ਸੇਰ ਦੁੱਧ ਤੇ ਵੀਹ ਸੇਰ ਪਾਣੀ ਘੁੰਮਰ-ਘੁੰਮਰ ਫਿਰੇ ਮਧਾਣੀ ।

(ਕ) ਬਹਿ ਕੇ ਖਾਧਿਆਂ ਤਾਂ ਖੂਹ ਵੀ ਨਿੱਖੁਟ ਜਾਂਦੇ ਹਨ ।

(ਖ) ਵੇਲ਼ੇ ਦੀ ਨਮਾਜ਼ ਕੁਵੇਲ਼ੇ ਦੀਆਂ ਟੱਕਰਾਂ ।

(ਗ) ਆਪਣੀ ਮੱਝ ਭਾਵੇਂ ਹੇਠਾਂ ਆ ਜਾਏ, ਪਰ ਸ਼ਰੀਕਾਂ ਦੀ ਕੰਧ ਢਹਿ ਪਏ । 5×1=5

6. ਕਿਸੇ **ਇੱਕ** ਕਵਿਤਾ ਦਾ ਕੇਂਦਰੀ ਭਾਵ ਲਿਖੋ :

ਜੀਵਨ, ਕਲੰਦਰ ਦਾ ਬਾਂਦਰ, ਲੋਰੀ 5

7. ਕਿਸੇ **ਇੱਕ** ਕਹਾਣੀ ਦਾ ਸਾਰ ਲਿਖੋ :

ਆਪਣਾ ਦੇਸ, ਸਾਂਝ । 8



Roll No. ..............

**002/B**

Total No. of Questions : 7] [Total No. of Printed Pages : 4

**SS**

**2034**

**ਸਾਲਾਨਾ ਪ੍ਰੀਖਿਆ ਪ੍ਰਣਾਲੀ**

**GENERAL PANJABI**

**(Common for All Groups and Voc. Stream)**

**(Evening Session)**

Time allowed : Three hours Maximum marks : 50

*ਨੋਟ :* (i) *ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ ਤੇ ਵਿਸ਼ਾ ਕੋਡ/ਪੇਪਰ ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ ਕੋਡ/ਪੇਪਰ ਕੋਡ* **002/B** *ਜ਼ਰੂਰ ਦਰਜ ਕਰੋ ਜੀ ।*

(ii) *ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣਕੇ ਦੇਖ ਲਵੋ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।*

(iii) *ਉੱਤਰ-ਪੱਤਰੀ ਵਿੱਚ ਖਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।*

(iv) ***ਸਾਰੇ ਪ੍ਰਸ਼ਨ ਜ਼ਰੂਰੀ ਹਨ ।***

(v) *ਪ੍ਰਸ਼ਨ ਦਾ ਉੱਤਰ ਖ਼ਤਮ ਹੋਣ ਤੇ ਇੱਕ ਲਾਈਨ ਲਗਾ ਦਿਓ ।*

1. **ਸਾਰੇ ਪ੍ਰਸ਼ਨ ਜ਼ਰੂਰੀ ਹਨ ।** ਹਰੇਕ ਪ੍ਰਸ਼ਨ ½ ਅੰਕ ਦਾ ਹੈ ।

(ੳ) ਡਾ. ਗੁਰਮੀਤ ਸਿੰਘ ਦੀ ਕਿਹੜੀ ਰਚਨਾ 'ਲਾਜ਼ਮੀ ਪੰਜਾਬੀ' ਪੁਸਤਕ ਵਿੱਚ ਦਰਜ ਹੈ ?

(ਅ) 'ਪੰਜਾਬ' ਦੀਆਂ ਨਕਲਾਂ ਪਾਠ ਦਾ ਲੇਖਕ ਕੌਣ ਹੈ ?

(ੲ) ਦੱਸੋ ਇਹ ਕਥਨ ਠੀਕ ਹੈ ਕਿ ਗ਼ਲਤ :

'ਪੌਰਾਣਿਕ ਕਥਾਵਾਂ ਵਿੱਚ ਖੱਸ਼ਟੀ ਨੂੰ ਕਾਰਤਿਕੇਯ ਦੀ ਪਤਨੀ ਦੱਸਿਆ ਹੈ ।'

(ਸ) ਠੀਕ ਉੱਤਰ ਚੁਣ ਕੇ ਲਿਖੋ :
ਪੰਜਾਬੀ ਕਿਸ ਗੱਲ ਵਿੱਚ ਮਾਣ ਸਮਝਦੇ ਹਨ ?
(i) ਕਿਰਤ ਕਰਨ ਵਿੱਚ (ii) ਵਿਹਲੇ ਖਾਣ ਵਿੱਚ
(iii) ਆਰਾਮ ਕਰਨ ਵਿੱਚ (iv) ਲੜਾਈ ਕਰਨ ਵਿੱਚ

(ਹ) ਖ਼ਾਲੀ ਸਥਾਨ ਭਰੋ :
ਕਾਦਰ ਦੀ ........ ਦਾ ਮਨੁੱਖ ਦੇ ਰਹਿਣ-ਸਹਿਣ ਉੱਤੇ ਬਹੁਤ ਡੂੰਘਾ ਪ੍ਰਭਾਵ ਹੈ ।

(ਕ) ਕਿੰਨੇ ਸਿੰਘ ਗੁਰੂ ਗੋਬਿੰਦ ਸਿੰਘ ਜੀ ਨੂੰ ਬੇ-ਦਾਅਵਾ ਲਿਖ ਕੇ ਦੇ ਗਏ ਸਨ ?

(ਖ) 'ਲਾਜ਼ਮੀ ਪੰਜਾਬੀ' ਪੁਸਤਕ ਵਿੱਚ ਦਰਜ ਅੰਮ੍ਰਿਤਾ ਪ੍ਰੀਤਮ ਦੀ ਕਿਸੇ ਇੱਕ ਕਵਿਤਾ ਦਾ ਨਾਂ ਲਿਖੋ ।

(ਗ) 'ਕਾਰ ਖਿਡੌਣਾ' ਕਹਾਣੀ ਵਿੱਚ ਤੋਤਲੀਆਂ ਗੱਲਾਂ ਕਰਨ ਵਾਲ਼ੇ ਪਾਤਰ ਦਾ ਕੀ ਨਾਮ ਹੈ ?

(ਘ) ਅਖਾਉਤ ਪੂਰੀ ਕਰੋ :
ਛੱਜ ਤਾਂ ਬੋਲੇ .......... ।

(ਙ) ਅਖਾਉਤ ਪੂਰੀ ਕਰੋ :
.......... ਬਾਹਰ ਦਾ ਜੋਗੀ ਸਿੱਧ । 10×½=5

2. ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਪੰਜਾਬੀ ਸੱਭਿਆਚਾਰ ਦੇ ਵਿਕਾਸ ਪੜਾਵਾਂ ਬਾਰੇ 'ਪੰਜਾਬੀ ਸੱਭਿਆਚਾਰ' ਪਾਠ ਵਿੱਚ ਕੀ ਦੱਸਿਆ ਗਿਆ ਹੈ ?

(ਅ) 'ਰਹਿਣ-ਸਹਿਣ ਇੱਕ ਗਤੀਸ਼ੀਲ ਨਿਰੰਤਰ ਬਦਲਦਾ ਸੰਕਲਪ ਹੈ' ਦੱਸੋ ਕਿਵੇਂ ?

(ੲ) ਪੰਜਾਬੀ ਸੱਭਿਆਚਾਰ ਵਿੱਚ 'ਲੋਕ-ਕਿੱਤੇ' ਜਾਂ 'ਲੋਕ-ਧੰਦੇ' ਦੇ ਵਿਸ਼ੇਸ਼ ਅਰਥ ਹਨ, ਦੱਸੋ ਕਿਵੇਂ ?

(ਸ) ਪੰਜਾਬ ਦੇ 'ਰਸ਼ਮ-ਰਿਵਾਜਾਂ' ਦੇ ਪੱਖੋਂ ਵੱਖ-ਵੱਖ ਧਾਰਮਿਕ ਭਾਈਚਾਰਿਆਂ ਵਿੱਚ ਕੀ-ਕੀ ਭਿੰਨਤਾ ਹੁੰਦੀ ਹੈ ?

(ਹ) 'ਪੰਜਾਬ ਵਿੱਚ ਤਿਉਹਾਰਾਂ ਦਾ ਲੰਮਾ ਕਾਫ਼ਲਾ ਤੁਰਿਆ ਰਹਿੰਦਾ ਹੈ ।' ਦੱਸੋ ਇਸ ਕਾਫ਼ਲੇ ਵਿੱਚ ਕਿਹੜੇ-ਕਿਹੜੇ ਤਿਉਹਾਰ ਆਉਂਦੇ ਹਨ ?





(ਕ) ਖੇਡਾਂ ਨੂੰ ਦੇਸੀ ਅਤੇ ਬਦੇਸੀ ਖੇਡਾਂ ਵਜੋਂ ਕਿਉਂ ਨਹੀਂ ਵੰਡਿਆ ਜਾ ਸਕਦਾ ?

(ਖ) ਪੰਜਾਬ ਦੀਆਂ ਸੁਆਣੀਆਂ ਦਾ ਲੋਕ-ਗੀਤਾਂ ਵਿੱਚ ਕੀ ਯੋਗਦਾਨ ਹੈ ?

(ਗ) ਨਕਲਾਂ ਖੇਡਣ ਲਈ ਕਿਹੋ-ਜਿਹੇ ਪਿੜ ਦੀ ਵਰਤੋਂ ਕੀਤੀ ਜਾਂਦੀ ਹੈ ? 3×5=15

3. ਭਾਰਤ ਟ੍ਰੈਕਟਰ ਕੰਪਨੀ, ਪੰਚਕੂਲਾ ਵੱਲੋਂ ਸੱਜਣ ਆਟੋ ਸਪੇਅਰਜ਼, ਬਰਨਾਲ਼ਾ ਨੂੰ ਸਪੇਅਰ ਪਾਰਟਸ ਦੀ ਏਜੰਸੀ ਨਹੀਂ ਦਿੱਤੀ ਗਈ ਕਿਉਂਕਿ ਇੱਕ ਤਾਂ ਉਹਨਾਂ ਕੋਲ਼ ਖੁੱਲ੍ਹੀ ਜਗ੍ਹਾ ਨਹੀਂ ਹੈ ਤੇ ਦੂਸਰੇ ਉਸ ਸ਼ਹਿਰ ਵਿੱਚ ਪਹਿਲਾਂ ਹੀ ਇੱਕ ਏਜੰਸੀ ਹੈ । ਸੱਜਣ ਆਟੋ ਸਪੇਅਰਜ਼ ਵੱਲੋਂ ਇਸ ਕੇਸ ਨੂੰ ਦੁਬਾਰਾ ਖੋਲ੍ਹਣ ਅਤੇ ਏਜੰਸੀ ਦੇਣ ਦੇ ਹੱਕ ਵਿੱਚ ਦਲੀਲਾਂ ਦਿਉ ।

ਜਾਂ

ਤੁਸੀਂ ਇੱਕ ਸਧਾਰਨ ਕਿਸਾਨ ਦੇ ਪੁੱਤਰ ਹੋ ਅਤੇ ਕਰਜ਼ਾ ਲੈ ਕੇ ਟੈਂਪੂ ਖ਼ਰੀਦਿਆ ਹੈ । ਆਪਣੇ ਨੇੜੇ ਦੇ ਮਿਲਕ-ਪਲਾਂਟ ਮੈਨੇਜਰ ਨੂੰ ਚਿੱਠੀ ਲਿਖੋ ਜਿਸ ਵਿੱਚ ਤੁਸੀਂ ਦੁੱਧ ਇਕੱਤਰ ਕੇਂਦਰਾਂ ਤੋਂ ਮਿਲਕ-ਪਲਾਂਟ ਤੱਕ ਦੁੱਧ ਦੀ ਢੁਆਈ ਲਈ ਆਪਣੀ ਪੇਸ਼ਕਸ਼ ਕਰਦੇ ਹੋਏ ਇਸ ਸੰਬੰਧ ਵਿੱਚ ਉਹਨਾਂ ਦੇ ਰੇਟਾਂ, ਨੇਮਾਂ ਤੇ ਸ਼ਰਤਾਂ ਬਾਰੇ ਸੂਚਨਾ ਮੰਗੋ ।
1½+4+1½=7

4. ਹੇਠ ਲਿਖੇ ਪੈਰੇ ਦੀ **ਸੰਖੇਪ-ਰਚਨਾ** ਕਰੋ ਅਤੇ ਢੁਕਵਾਂ **ਸਿਰਲੇਖ** ਵੀ ਲਿਖੋ :

ਇਸ ਵਿੱਚ ਸ਼ੱਕ ਨਹੀਂ ਕਿ ਨਸ਼ੀਲੇ ਪਦਾਰਥਾਂ ਦਾ ਇਸਤੇਮਾਲ ਦੁਨੀਆਂ ਭਰ ਵਿੱਚ ਇਨਸਾਨੀ ਸਿਹਤ ਅਤੇ ਸਮਾਜ ਲਈ ਇੱਕ ਗੰਭੀਰ ਚੁਣੌਤੀ ਦਾ ਰੂਪ ਧਾਰਨ ਕਰ ਚੁੱਕਾ ਹੈ । ਅਜੋਕੀ ਤੇਜ਼ ਰਫ਼ਤਾਰ ਜ਼ਿੰਦਗੀ ਇਨਸਾਨ ਕੋਲ਼ੋਂ ਹਰ ਖੇਤਰ ਵਿੱਚ ਤੇਜ਼ ਰਫ਼ਤਾਰ ਦੀ ਮੰਗ ਕਰਦੀ ਹੈ ਜਿਸ ਕਰਕੇ ਸਹਿਜ ਜੀਵਨ ਜਿਊਣ ਲਈ ਵੀ ਇਨਸਾਨ ਨੂੰ ਸੰਘਰਸ਼ ਦੀ ਹਾਲਤ ਵਿੱਚ ਰਹਿਣਾ ਪੈਂਦਾ ਹੈ । ਹਰ ਖੇਤਰ ਵਿੱਚ ਮੁਕਾਬਲੇਬਾਜ਼ੀ ਅਤੇ ਜ਼ਿਆਦਾ ਤੋਂ ਜ਼ਿਆਦਾ ਪੂੰਜੀ ਤੇ ਪਦਾਰਥਕ ਸੁੱਖ ਜਮ੍ਹਾਂ ਕਰਨ ਦੀ ਦੌੜ ਨੇ ਜ਼ਿੰਦਗੀ ਨੂੰ ਮਸ਼ੀਨੀ ਪੱਧਰ ਉੱਤੇ ਲੈ ਆਂਦਾ ਹੈ । ਮਾਨਸਿਕ ਅਤੇ ਆਤਮਿਕ ਪੱਧਰ ਉੱਤੇ ਇਨਸਾਨ ਭੌਤਿਕ ਵਾਤਾਵਰਨ ਨਾਲ਼ ਤਾਲਮੇਲ ਰੱਖਣ ਵਿੱਚ ਨਾ ਕਾਮਯਾਬ ਹੋ ਰਿਹਾ


[Turn over

ਹੈ । ਆਮ ਆਦਮੀ ਦਾ ਜ਼ਿਆਦਾ ਸਮਾਂ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਵਿੱਚ ਹੀ ਲੱਗ ਜਾਂਦਾ ਹੈ, ਜਿਸ ਕਰਕੇ ਉਸ ਦੀਆਂ ਸਮਾਜਿਕ, ਮਾਨਸਿਕ ਅਤੇ ਆਤਮਿਕ ਲੋੜਾਂ ਅਧੂਰੀਆਂ ਰਹਿ ਜਾਂਦੀਆਂ ਹਨ । ਇਸ ਨਾਲ਼ ਜ਼ਿੰਦਗੀ ਵਿੱਚ ਇੱਕ ਖਲਾਅ ਪੈਦਾ ਹੋ ਜਾਂਦਾ ਹੈ ਅਤੇ ਕਈ ਤਰ੍ਹਾਂ ਦੀਆਂ ਮਾਨਸਿਕ ਉਲਝਣਾਂ ਪੈਦਾ ਹੁੰਦੀਆਂ ਹਨ । ਨਸ਼ਾ ਪ੍ਰਵਿਰਤੀ ਵੀ ਇਸੇ ਖਲਾਅ ਨੂੰ ਪੂਰਿਆਂ ਕਰਨ ਦੇ ਜਤਨ ਵਜੋਂ ਹੀ ਸ਼ੁਰੂ ਹੁੰਦੀ ਹੈ । ਭੌਤਿਕ ਤੌਰ ਉੱਤੇ ਆਵਾਜਾਈ ਤੇ ਸੰਚਾਰ ਦੇ ਸਾਧਨਾਂ ਵਗੈਰਾ ਦੀ ਬਦੌਲਤ ਬੇਸ਼ਕ ਬਾਹਰੀ ਫ਼ਾਸਲੇ ਘਟੇ ਹਨ ਪਰ ਸਮਾਜਿਕ ਮਾਨਸਿਕ ਤੇ ਆਤਮਿਕ ਤੌਰ 'ਤੇ ਇਨਸਾਨ ਤੇ ਇਨਸਾਨ ਵਿਚਲੀ ਦੂਰੀ ਵਧੀ ਹੈ । ਭੀੜ ਵਧਣ ਦੇ ਬਾਵਜੂਦ ਹਰ ਇਨਸਾਨ ਇੱਕਲਾ ਹੈ । ਨਤੀਜੇ ਵਜੋਂ ਆਪਣੇ ਦੁੱਖ ਵੀ ਉਸ ਨੂੰ ਇਕੱਲੇ ਹੀ ਝੱਲਣੇ ਪੈਂਦੇ ਹਨ । ਇਨਸਾਨ ਨੂੰ ਜਦ ਇਨਸਾਨ ਦਾ ਸਹਾਰਾ ਨਹੀਂ ਰਿਹਾ ਤਾਂ ਉਸ ਨੇ ਮਸਨੂਈ ਸਹਾਰੇ ਤਲਾਸ਼ ਕਰਨੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਵਿੱਚ ਨਸ਼ੇ ਵੀ ਹਨ । 4+1=5

5. ਹੇਠ ਲਿਖੀਆਂ ਅਖਾਉਤਾਂ ਵਿੱਚੋਂ **ਪੰਜ** ਨੂੰ ਵਾਕਾਂ ਵਿੱਚ ਵਰਤੋ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ :
   - (ੳ) ਆਪਣਿਆਂ ਦੇ ਮੈਂ ਗਿੱਟੇ ਭੰਨਾਂ ਚੁੰਮਾਂ ਪੈਰ ਪਰਾਇਆਂ ਦੇ
   - (ਅ) ਆਪੇ ਫਾਥੜੀਏ ਤੈਨੂੰ ਕੌਣ ਛੁਡਾਏ ।
   - (ੲ) ਸਾਰਾ ਜਾਂਦਾ ਵੇਖੀਏ ਅੱਧਾ ਦੇਈਏ ਵੰਡ ।
   - (ਸ) ਖ਼ਰਬੂਜੇ ਨੂੰ ਦੇਖ ਕੇ ਖ਼ਰਬੂਜਾ ਰੰਗ ਫੜਦਾ ਹੈ ।
   - (ਹ) ਸੱਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ ।
   - (ਕ) ਚਿੜੀਆਂ ਦੀ ਮੌਤ ਗਵਾਰਾਂ ਦਾ ਹਾਸਾ ।
   - (ਖ) ਪੜ੍ਹੇ ਫ਼ਾਰਸੀ ਵੇਚੇ ਤੇਲ, ਵੇਖੋ ਕਰਮਾਂ ਦੇ ਖੇਲ ।
   - (ਗ) ਮਾਇਆ ਤੇਰੇ ਤਿੰਨ ਨਾਮ ਪਰਸੂ ਪਰਸਾ ਪਰਸ ਰਾਮ । 5×1=5

6. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ :

   ਵਗਦੇ ਪਾਣੀ, ਭਾਰੀਆਂ ਪੰਡਾਂ, ਅੱਜ ਕੋਈ ਆਇਆ ਸਾਡੇ ਵਿਹੜੇ 5

7. ਕਿਸੇ ਇੱਕ ਕਹਾਣੀ ਦਾ ਸਾਰ ਲਿਖੋ :

   ਸਾਂਝ, ਕਾਰ ਖਿਡੌਣਾ । 8



Roll No. ..................

**002/C**

[Total No. of Questions : 7] [Total No. of Printed Pages : 4

## SS

## 2034

## ਸਾਲਾਨਾ ਪ੍ਰੀਖਿਆ ਪ੍ਰਣਾਲੀ

# GENERAL PANJABI

**(Common for All Groups and Voc. Stream)**

**(Evening Session)**

Time allowed : Three hours Maximum marks : 50

Note : (i) *ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ ਤੇ ਵਿਸ਼ਾ ਕੋਡ/ਪੇਪਰ ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ ਕੋਡ/ਪੇਪਰ ਕੋਡ* **002/C** *ਜ਼ਰੂਰ ਦਰਜ ਕਰੋ ਜੀ ।*

(ii) *ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣਕੇ ਦੇਖ ਲਵੋ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।*

(iii) *ਉੱਤਰ-ਪੱਤਰੀ ਵਿੱਚ ਖਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।*

(iv) *ਸਾਰੇ* ***ਪ੍ਰਸ਼ਨ*** *ਜ਼ਰੂਰੀ ਹਨ ।*

(v) *ਪ੍ਰਸ਼ਨ ਦਾ ਉੱਤਰ ਖ਼ਤਮ ਹੋਣ ਤੇ ਇੱਕ ਲਾਈਨ ਲਗਾ ਦਿਓ ।*

1. ਸਾਰੇ **ਪ੍ਰਸ਼ਨ** ਜ਼ਰੂਰੀ ਹਨ । ਹਰੇਕ ਪ੍ਰਸ਼ਨ ½ ਅੰਕ ਦਾ ਹੈ ।
   - (ੳ) ਡਾ. ਜਗੀਰ ਸਿੰਘ ਨੂਰ ਦਾ ਲਿਖਿਆ ਕਿਹੜਾ ਲੇਖ 'ਲਾਜ਼ਮੀ ਪੰਜਾਬੀ' ਪੁਸਤਕ ਵਿੱਚ ਦਰਜ ਹੈ ?
   - (ਅ) 'ਪੰਜਾਬੀ ਸੱਭਿਆਚਾਰ' ਪਾਠ ਦਾ ਲੇਖਕ ਕੌਣ ਹੈ ?
   - (ੲ) ਦੱਸੋ ਇਹ ਕਥਨ ਠੀਕ ਹੈ ਕਿ ਗਲਤ :

     'ਆਦਿ ਮਾਨਵ ਸੁਹਜ ਤੇ ਆਨੰਦ ਦੀ ਪ੍ਰਾਪਤੀ 'ਕਲਾ' ਤੋਂ ਕਰਦਾ ਰਿਹਾ ਹੈ ।'

(ਸ) ਠੀਕ ਉੱਤਰ ਚੁਣ ਕੇ ਲਿਖੋ :

ਪੁਰਾਣੇ ਸਮੇਂ ਤੋਂ ਭਾਰਤ ਵੱਲ ਆਏ ਹਮਲਾਵਰ ਕਿੱਥੋਂ ਚ ਰਹੇ ?

(i) ਪੰਜਾਬ ਵਿੱਚੋਂ (ii) ਸਰਹੱਦ ਵਿੱਚੋਂ

(iii) ਹਿਮਾਲਿਆਂ ਵਿੱਚੋਂ (iv) ਮੁੰਬਈ ਵਿੱਚੋਂ

(ਹ) ਖ਼ਾਲੀ ਸਥਾਨ ਭਰੋ :

...... ਜੀਵਣ ਜੀਣ ਵਾਲੇ ਨੂੰ ਗੁਰਮੁਖ ਪਿਆਰਾ ਕ ਸਤਿਕਾਰਿਆ ਗਿਆ ਹੈ ।

(ਕ) ਨਰਾਤਿਆਂ ਵਿੱਚ ਕਿਸ ਦੀ ਪੂਜਾ ਕੀਤੀ ਜਾਂਦੀ ਹੈ ?

(ਖ) 'ਲਾਜ਼ਮੀ ਪੰਜਾਬੀ' ਪੁਸਤਕ ਵਿੱਚ ਦਰਜ 'ਮੱਝਿਆਂ' ਕਵਿਤਾ ਕਿ ਕਵੀ ਦੀ ਰਚਨਾ ਹੈ ?

(ਗ) 'ਨੀਲੀ' ਕਹਾਣੀ ਵਿਚਲਾ 'ਮੈਂ' ਪਾਤਰ ਕੌਣ ਹੈ ?

(ਘ) ਅਖਾਉਤ ਪੂਰੀ ਕਰੋ :

ਐਬਾਂ ਦੀ ਭੁੱਖ .......... ।

(ਙ) ਅਖਾਉਤ ਪੂਰੀ ਕਰੋ :

.......... ਮਰਿਆ ਸਵਾ ਲੱਖ ਦਾ । 10×½=

2. ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਪਿਛਲੀ ਇੱਕ ਸਦੀ ਤੋਂ ਤੇਜ਼ੀ ਨਾਲ ਆ ਰਹੇ ਪਰਿਵਰਤਨਾਂ ਪੰਜਾਬੀ ਸੱਭਿਆਚਾਰ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ ?

(ਅ) ਪੰਜਾਬ ਦੀ ਕੁਦਰਤ ਨੇ ਪੰਜਾਬੀਆਂ ਦੇ ਰਹਿਣ-ਸਹਿਣ ਕਿਵੇਂ ਪ੍ਰਭਾਵਿਤ ਕੀਤਾ ਹੈ ?

(ੲ) ਲੋਕ-ਕਿੱਤੇ ਦੇ ਵਿਸ਼ੇਸ਼ ਲੱਛਣ ਕਿਹੜੇ-ਕਿਹੜੇ ਹੁੰਦੇ ਹਨ ?

(ਸ) ਪਹਿਲੇ ਸਮਿਆਂ ਵਿੱਚ ਮੁੰਡੇ ਅਤੇ ਕੁੜੀ ਦੇ ਜੰਮਣ ਰਸਮ-ਰਿਵਾਜਾਂ ਦੇ ਪੱਖ ਤੋਂ ਕੀ ਵਿਤਕਰਾ ਸੀ ? ਹੁਣ ਕਿ ਵਿਤਕਰਾ ਕਿਵੇਂ ਘਟ ਰਿਹਾ ਹੈ ?

(ਹ) ਪੰਜਾਬ ਦੇ ਕਿਹੜੇ-ਕਿਹੜੇ ਮੇਲੇ ਹਨ ਜਿਹੜੇ ਗੁਰੂ ਸਾਹਿਬਾਂ ਦੀ ਸਮ੍ਰਿਤੀ ਵਿੱਚ ਲਗਦੇ ਹਨ ?



(ਕ) ਲੋਕ ਖੇਡਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਕਿਹੜੀਆਂ-ਕਿਹੜੀਆਂ ਹਨ ?

(ਖ) ਪੰਜਾਬੀ ਲੋਕ-ਗੀਤ ਪੰਜਾਬੀਆਂ ਦੇ ਜੀਵਨ ਚੱਕਰ ਦੇ ਨਾਲ-ਨਾਲ ਕਿਵੇਂ ਤੁਰਦੇ ਹਨ ?

(ਗ) ਪੇਸ਼ਕਾਰੀ ਦੇ ਪੱਖੋਂ ਨਕਲਾਂ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ ? 5×3=15

3. ਪ੍ਰਤਾਪ ਮੈਡੀਕਲ ਸਟੋਰ, ਫ਼ਿਰੋਜ਼ਪੁਰ ਵੱਲੋਂ ਵੈਸਟਵੇ ਕੰਪਨੀ, ਦਿੱਲੀ ਨੂੰ ਪੱਤਰ ਲਿਖ ਕੇ ਸ਼ਿਕਾਇਤ ਕਰੋ ਕਿ ਖ਼ਰਾਬ ਪੈਕਟਾਂ ਦੀ ਵਜ੍ਹਾ ਕਰਕੇ ਉਹਨਾਂ ਵੱਲੋਂ ਭੇਜੀ ਇੱਕ ਦਵਾਈ ਘੱਟ ਮਿਕਦਾਰ ਵਿੱਚ ਪੁੱਜੀ ਹੈ । ਵੈਸਟਵੇ ਕੋਲੋਂ ਨਵੇਂ ਪੈਕਟ ਮੰਗੋ ਅਤੇ ਉਹਨਾਂ ਨੂੰ ਇਸ ਪਾਸੇ ਸੁਧਾਰ ਕਰਨ ਲਈ ਸੁਝਾਅ ਦੇਵੋ ।

ਜਾਂ

ਪਿੰਡ ਦੇ ਇੱਕ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨ ਵਲੋਂ ਜ਼ਿਲ੍ਹਾ ਮੱਛੀ-ਪਾਲਣ ਅਫ਼ਸਰ ਨੂੰ ਇੱਕ ਪੱਤਰ ਲਿਖੋ ਅਤੇ ਉਸ ਪਾਸੋਂ ਮੱਛੀ-ਪਾਲਣ ਦੇ ਸੰਬੰਧ ਵਿੱਚ ਸਰਕਾਰ ਵੱਲੋਂ ਮਿਲਦੀ ਸਹਾਇਤਾ ਬਾਰੇ ਪੁੱਛੋ । 1½+4+1½=7

4. ਹੇਠ ਲਿਖੇ ਪੈਰੇ ਦੀ ਸੰਖੇਪ-ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ :

ਤੁਹਾਡੇ ਭਾਗਾਂ ਵਿੱਚ ਧਨਾਢ ਹੋਣਾ ਜੇਕਰ ਨਾ ਵੀ ਆਇਆ ਹੋਵੇ ਤਾਂ ਵੀ ਤੁਹਾਡਾ ਛੋਟਾ ਜਿਹਾ ਮਕਾਨ ਜਾਂ ਗ਼ਰੀਬੀ-ਦਾਵੇ ਦੀ ਝੁੱਗੀ 'ਤੇ ਇਸ ਵਿੱਚ ਵੱਸਣ ਵਾਲੇ ਕਿਸੇ ਸਨੇਹੀ-ਸੰਬੰਧੀ ਦਾ ਮਧੁਰ ਚਿਹਰਾ, ਤੇ ਇਹਨਾਂ ਚੀਜ਼ਾਂ ਨਾਲ ਤੁਹਾਡਾ ਪਿਆਰ, ਇਹ ਸਭ ਚੀਜ਼ਾਂ ਆਪਣੇ ਆਪ ਵਿੱਚ, ਤੁਹਾਡੀ ਦੁਨੀਆਂ ਬਣ ਜਾਂਦੀਆਂ ਹਨ । ਜਿਸ ਤਰ੍ਹਾਂ ਕਿਸੇ ਸਿਆਣੇ ਆਦਮੀ ਨੇ ਕਿਹਾ ਹੈ ਕਿ ਇਸ ਦੁਨੀਆਂ ਦੇ ਰਾਜ ਭਾਗ ਤਾਂ ਭਿਖਾਰੀਆਂ ਨੂੰ ਨਹੀਂ ਮਿਲ ਸਕਦੇ ਪਰ ਆਸਮਾਨੀ ਬਾਦਸ਼ਾਹੀ ਮਿਲ ਸਕਦੀ ਹੈ । ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ ਕਿੰਨੇ ਹੀ ਮਹਾਨ ਵਿਅਕਤੀ ਮਾਲੀ ਤੌਰ 'ਤੇ ਗ਼ਰੀਬ ਹੋਏ ਹਨ । ਰੁਪਏ ਪੈਸੇ ਦੀ

lies in the centre of a district, known as the Hot Spring District, where the water is not only hot, but boiling; You see it bubbling away in pools or shooting up into the air in a column; known as geyser, and you come across little pools where the mud boils like porridge in a saucepan.

(i) Name the author and the chapter from which the passage has been taken. 2

(ii) Which part of the New - Zealand is the author talking about ? 1

(iii) What is the special feature of Hot Spring District ? 1

(iv) Match the words given under column 'A' with their meanings under column 'B' :

| | A | B |
|---|---|---|
| (i) | Outskirts | (a) skirts out of fashion |
| (ii) | Frequent | (b) suburb |
| | | (c) often. |

2

(v) Fill in the blank with suitable word from the passage :

He has _____ all and sundry to the tea party. 1





(vi) Write in simple English the meanings of the following words :

Natives

Geyser. 1

(b) Describe in about 100 words the scene of the Death of Socrates.

or

Draw a pen-picture of Tom Sawyer. 5

(c) Translate the following into English :

(i) ਕਿਸੇ ਨੇ ਸਾਨੂੰ ਗੁਮਰਾਹ ਕੀਤਾ ਸੀ ।

किसी ने हमें गुमराह किया था।

(ii) ਪਤਲੇ ਆਦਮੀ ਗੋਤਾਖੋਰ ਹਨ ।

पतले आदमी गोताखोर हैं। 2

or

**(A special question in lieu for foreign students only)**

Paraphrase the following in simple English :

Blue as the wing of a halcyon wild,
We weave the robes of a new-born child. 2

## Part–C

3. (a) Answer any *three* in about 25-30 words each :

(i) Why did the child lost all interest in the fair ? (The Lost Child)

(ii) Do you think Jack and Jill lived comfortably ? (The Never-Never Nest)

(iii) Who had to suffer for not saying please ? (On Saying Please)

(iv) Which big failure of the memory does the author point out ? (Forgetting)

(v) What work did Uncle Podger assign to the different members of his household in the beginning ? 3×2= 6

(b) Give in brief the theme of the lesson 'Tolstoy's Home.

or

Give a character-sketch of Mathilde Loisel. 4

4. (a) Explain with reference to the context :

No time to wait till her mouth can,
Enrich the smile her eyes began.
A poor life this, if full of care,
We have no time to stand and stare.





or

If hopes were dupes, fears may be liars
It may be, in yon smoke concealed,
Your comrades chase e'en now the fliers.
And, but for you, possess the field. 4

(b) Give the central idea of the following :

The Daffodills

or

No Men Are Foreign. 3

## Part–D

5. Write a paragraph in about 150 words :

Sports Day of Your College. 5

or

You are Vishal living at 1472, Sector 61, Noida. Write a letter to your brother Vikas about your tour to Saudi Arabia. 5

or

Make a précis of the following passage and give it a suitable heading.

A hunter who chases two hares at one and the same time may fail to catch them. Two hares may run in two different directions and escape. So a person may follow